[Total No. of (i) Printed Pages 4 (ii) Questions 6

**Sub Code :** 0508 (1048) **Exam Code :** 0006

**Exam :** B.A./B.Sc (General), 6th Semester

**Subject :** Punjabi

**Paper :** Elective

***Time : 3 Hours*** ***Maximum Marks : 90***

ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।
ਪ੍ਰਸ਼ਨ ਨੰ: 5 ਅਤੇ 6 ਦੇ ਉੱਤਰ ਇੱਕੋ ਥਾਂ ਤੇ ਇਕੱਵੇ ਹੀ ਹੱਨ ਕੀਤੇ ਜਾਣ।

ਪ੍ਰਸ਼ਨ-1 ਕਿਸੇ ਇੱਕ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆਂ ਕਰੋ :

(ੳ) ਮੈਂ ਭੀ ਲੋੜ੍ਹਕ ਗਾਂਲ੍ਹਣ ਦੀ ਜਾਣਾ,
ਨਾਲਿ ਮੇਰੇ ਕੋਈ ਚੱਲੇ। ਰਹਾਓ ।
ਪੈਰੀਆਂ ਪਾਉਂਦੀ ਮਿੰਨਤਾਂ ਕਰਦੀ,
ਜਾਣਾ ਤਾਂ ਪਇਆਂ ਇਕੱਲੇ।
ਨੈਂ ਭੀ ਡੂੰਘੀ ਤੁਲਾ ਪੁਰਾਣਾ,
ਸ਼ੀਹਾਂ ਤਾਂ ਪੱਤਣ ਮੱਲੇ।
ਜੇ ਕੋਈ ਖਬਰ ਮਿਤਰਾਂ ਦੀ ਲਿਆਵੇ,
ਮੈਂ ਹਥਿ ਦੇ ਦੇਨੀਆਂ ਛੱਲੇ।

ਜਾਂ

ਓੜ੍ਹਕ ਹੋਸੀ ਉਹ ਕੁਲ੍ਹ ਜੋ ਭਾਵੈ ਕਰਤਾਰ।
ਉਹ ਕਲਮ ਵਹੀ ਕਿਸ ਫੇਰਨੀ, ਜੋ ਲਿਖੀ ਆਪ ਜਬਾਰ।
ਭੰਨ ਦੇਵਨ ਤਦਬੀਰ ਨੂੰ, ਜਾਂ ਚਸ਼ਮਾਂ ਹੋਵਨ ਚਾਰ।
ਨੈਣੀਂ ਵਗਨ ਨਾਵਕਾਂ, ਵੰਵਨ ਗੁਜ਼ਰ - ਦੋ - ਬਾਰ। 10

P.T.O.

ਪ੍ਰਸ਼ਨ-ਅ ਕਿਸੇ ਇੱਕ ਕਵਿਤਾ ਦਾ ਵਿਸ਼ਾ-ਵਸਤੂ/ਥੀਮ ਸਪਸ਼ਟ ਕਰੋ :

I ਮੈਂ ਤੇਰੀ ਹੋ ਮੁੱਕੀਆਂ

II ਮਿਸਰ ਦੇ ਬਾਜ਼ਾਰ ਵਿਚੱ ਯੂਸਫ ਦਾ ਵਿਕਣਾ 10

ਪ੍ਰਸ਼ਨ-2 ਕਿਸੇ ਇੱਕ ਕਾਵਿ ਬੰਦ ਜਾਂ ਵਾਰਤਕ ਟੁਕੜੀ ਦੀ ਵਿਹਾਰਕ ਆਲੋਚਨਾਂ ਕਰੋ :

(ੳ) ਜੋ ਕਹਾਂ ਸੋ ਥੋੜ੍ਹਾ, ਆਖਾਂ ਇਹ ਤਾਰੀਫ ਕਵੇਹੀ।
ਮਤ ਤਾਰੀਫੋਂ ਨਿੰਦਿਆ ਹੋਵੇ, ਥਰ ਥਰ ਕੰਬੇ ਦੇਹੀ।
ਨਾਕਿਸ ਫਿਕਰੋਂ ਮਦਹ ਨ ਹੋਵੇ, ਤਾਂ ਮੈਂ ਵਾਗ ਹਟਾਈ।
ਇਹ ਕਾਮਿਲ ਕੁਦਰਤ ਮੇਤੀ ਮੌਲੇ, ਪੁਤਲੀ ਆਪ ਬਣਾਈ।
ਜਿੱਥੇ ਰੱਬ ਕਾਰੀਗਰ ਹੋਵੇ, ਕੁਦਰਤ ਆਪ ਬਣਾਏ।
ਤਿੱਥੇ ਆਜਿਜ਼ ਲੋਕ ਵਿਚਾਰੇ, ਤਿਸ ਵਿੱਚ ਫਿਕਰ ਨਾ ਕੀਜੈ।
ਹੱਦੋਂ ਬਾਹਰ ਪੈਰ ਨ ਧਰੀਏ, ਹੱਥੀਂ ਜ਼ਹਿਰ ਨ ਪੀਜੈ।

(ਅ) ਦਰਬਾਰ ਸਾਹਿਬ (ਸ੍ਰੀ ਹਰਿਮੰਦਰ) ਪੰਜਾਬ ਦੀ ਸਾਂਝੀ ਕਲਚਰ ਦਾ ਅਤਿ ਉੱਤਮ ਨਮੂਨਾ ਸੀ, ਅੱਜ ਵੀ ਹੈ। ਕੁਲ੍ਹ ਵਕਤੀ ਦੌਰ ਆਉਂਦੇ ਹਨ, ਇਹ ਵੀ ਟੁਰ ਜਾਣਗੇ। ਹਰਿਮੰਦਰ ਤੇ ਅਕਾਲ ਤਖਤ ਸਦਾ ਮੁਸਕ੍ਰਾਂਦੇ ਹਨਾ ਭੋਲੇ ਇਨਸਾਨ ਇਹ ਸਮਲ੍ਹਦੇ ਹਨ ਕਿ ਕਿਸੇ ਦੁਸ਼ਟ ਦੇ ਤੋੜਿਆਂ ਇਹ ਟੁੱਟ ਜਾਂਦੇ ਹਨ। ਇਹ ਤਾਂ ਸਾਡੇ ਮਨਾਂ ਵਿੱਚ ਵਸਦੇ ਹਨ। 10

ਪ੍ਰਸ਼ਨ-ਅ ਕਿਸੇ ਇੱਕ ਨਿਬੰਧ ਦੀ ਸਾਹਿਤਕ ਪਰਖ ਕਰੋ :

ਵਿਦਿਆ ਵਿਚਾਰੀ ਤਾਂ ਪਰਉਪਕਾਰੀ, ਲੈਂਪ ਦੀ ਰੋਸ਼ਨੀ ਵਿੱਚ 10

ਪ੍ਰਸ਼ਨ-3 ਕਿਸਤੇ ਪੰਜ ਪ੍ਰਸ਼ਨਾਂ ਦੇ ਲਘੂ ਉੱਤਰ ਲਿਖੋ :

(ੳ) 'ਇਹ ਗਲੀਆਂ ਸੁਪਨਾ ਭੀ ਥੀਸਨ' ਕਾਫ਼ੀ ਦਾ ਕੇਂਦਰੀ - ਭਾਵ ਲਿਖੋ ।

(ਅ) 'ਚਰਖਾ ਮੇਰਾ ਰੰਗਲੜਾ ਰੰਗ ਲਾਲ' ਕਾਫ਼ੀ ਵਿਚੱ ਆਏ ਵਿਚਾਰ ਲਿਖੋ।

(ੲ) ਹੀਰ ਦੀ ਨੂਰੇ ਸੰਬਲ ਨਾਲ ਹੋਈ ਲੜਾਈ ਦੀ ਕਵੀ ਨੇ ਕਿਵੇਂ ਤਸਵੀਰ ਖਿੱਚੀ ਹੈ?

(ਸ) ਕਿੱਸਾਕਾਰ ਅਨੁਸਾਰ ਸਾਹਿਬਾਂ ਦੀ ਮੌਤ ਕਿਵੇਂ ਹੋਈ?

(ਹ) ਸੁੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ-ਮੁਗਰੇ ਪਾਟ ਕਿਵੇਂ ਹੋ ਜਾਂਦੇ ਹਨ?

(ਨ) 'ਖਾਕੀਏ ਮਨ ਭਉਂਦਾ, ਪਹਿਨੀਏ ਜਗ ਭਉਂਦਾ' ਅਤੇ 'ਜਿੰਨਾ ਪੱਟ ਅੰਦਰ ਗੁੱਦੜ ਬਾਹਰ' ਦਾ ਭਾਵ ਖੋਲ੍ਹ ਕੇ ਲਿਖੋ।

(ਖ) ਜੁੱਤੀ ਨੂੰ ਪੈਰਾਂ ਵਿਚੱ ਪਾਉਣ ਯੋਗ ਕਰਨ ਲਈ ਲੇਖਕ ਨੇ ਕੀ-ਕੀ ਯਤਨ ਕੀਤੇ?

(ਗ) ਮਾਂ ਪਿਆਰ ਵਿੱਚ ਲੈਣ ਨਹੀਂ, ਦੇਣ ਹੀ ਦੇਣ ਹੈ, ਕਿਵੇਂ?

ਪ੍ਰਸ਼ਨ-4 ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਸੂਫ਼ੀਆਂ ਦੀਆਂ ਕਿਹੜੀਆਂ-ਕਿਹੜੀਆਂ ਸੰਪਰਦਾਵਾਂ ਸਨ? ਬਾਬਾ ਫ਼ਰੀਦ ਕਿਹੜੀ ਸੰਪਰਦਾ ਨਾਲ ਸੰਬੰਧ ਰੱਖਦੇ ਸਨ?

(ਅ) ਬਾਬਾ ਫ਼ਰੀਦ ਨੂੰ ਸ਼ਰੀਅਤ ਦਾ ਪਾਬੰਦ ਕਵੀ ਕਿਉਂ ਕਿਹਾ ਜਾਂਦਾ ਹੈ? ਇਸ ਨਾਲ ਸੰਬੰਧਤ ਕੋਈ ਇੱਕ ਸ਼ਲੋਕ ਵੀ ਲਿਖੋ।

(ੲ) ਗੁਰੂ ਨਾਨਕ ਕਾਲ ਵਿੱਚ ਕਿਹੜੇ ਕਿੱਸਾ ਕਵੀ ਪੈਦਾ ਹੋਏ? ਉਨ੍ਹਾਂ ਦੀਆਂ ਰਚਨਾਵਾਂ ਵੀ ਲਿਖੋ।

(ਸ) ਗੁਰੂ ਨਾਨਕ ਕਾਲ ਦੀ ਸੂਫ਼ੀ ਕਵਿਤਾ ਬਾਰੇ ਜਾਣ - ਪਛਾਣ ਕਰਾਓ।

(ਹ) ਪੰਜਾਬੀ ਕਿੱਸਾ-ਕਾਵਿ ਦਾ ਮੋਢੀ ਕਵੀ ਕੌਣ ਹੈ? ਉਸਨੇ ਕਿਹੜਾ ਕਿੱਸਾ ਲਿਖਿਆ?

(ਨ) ਵਾਰ ਅਤੇ ਜੰਗਨਾਮੇ ਵਿੱਚ ਅੰਤਰ ਸਪਸ਼ਟ ਕਰੋ। 5x4=20

ਪ੍ਰਸ਼ਨ-5 ਕਿਸੇ ਇੱਕ ਸਿਧਾਂਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

(ੳ) ਅਰਸਤੂ ਦਾ ਅਨੁਕਰਣ ਸਿਧਾਂਤ

(ਅ) ਮਾਰਕਸਵਾਦ (ਮੁਢਲੀ ਜਾਣ - ਪਛਾਣ) 10

ਪ੍ਰਸ਼ਨ-6 ਕਿਸਤੇ ਇੱਕ ਬਾਰੇ ਚਰਚਾ ਕਰੋ :

(ੳ) ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਦੇ ਕੇ ਮਾਨਵ ਵਿਗਿਆਨ ਨਾਲ ਇਸਦੇ ਆਪਸੀ ਸੰਬੰਧਾਂ ਬਾਰੇ ਟਿੱਪਣੀ ਕਰੋ।

(ਅ) ਭਾਸ਼ਾ ਵਿਗਿਆਨ ਅਤੇ ਸਮਾਜ ਵਿਗਿਆਨ ਦੇ ਆਪਸੀ ਸੰਬੰਧਾਂ ਬਾਰਤੇ ਜ਼ਿੰਕਰ ਕਰੋ। 10



19,000